## ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਤੇ ਮੌਜਦਾ ਅਤੇ ਯੋਜਨਾਬੱਧ ਪੈਮਾਨੇ

## ਵੈਜੀਟੇਬਲ ਮਾਰਕੀਟਿੰਗ ਓਰਗੇਨਾਈਜ਼ੇਸ਼ਨ (VMO)

ਦੀ ਵੈਜੀਟੇਬਲ ਮਾਰਕੀਟਿੰਗ ਓਰਗੇਨਾਈਜ਼ੇਸ਼ਨ (VMO) 1946 ਵਿਚ ਸਥਾਪਿਤ ਖੇਤੀਬਾੜੀ ਉਤਪਾਦਾਂ (ਮਾਰਕੀਟਿੰਗ) ਆਰਡੀਨੈਂਸ ਦੁਆਰਾ ਡਾਇਰੈਕਟਰ ਮਾਰਕੀਟਿੰਗ ਦੇ ਅਧਿਕਾਰ ਅਧੀਨ ਨਿਹਿਤ, ਇਕ ਸਵੈ-ਵਿੱਤ, ਗੈਰ-ਮੁਨਾਫਾ ਕਮਾਉਣ ਵਾਲੀ ਸੰਸਥਾ ਹੈ, ਸਿਏਪਿ 277 । VMO ਮੁੱਖ ਤੌਰ ਤੇ ਚੇਊਂਗ ਸ਼ਾ ਵਾਂਨ ਵਿਖੇ ਆਪਣੇ ਥੋਕ ਬਾਜ਼ਾਰ ਰਾਹੀਂ ਸਬਜ਼ੀ ਥੋਕ ਵਿਕਰੇਤਾਵਾਂ ਅਤੇ ਖਰੀਦਦਾਰਾਂ ਲਈ ਥੋਕ ਸੇਵਾਵਾਂ ਅਤੇ ਵਪਾਰ ਪਲੇਟਫਾਰਮ ਪ੍ਰਦਾਨ ਕਰਦੀ ਹੈ। ਇਸਦੇ ਇਲਾਵਾ, VMO ਜਨਤਾ ਨੂੰ ਸੁਰੱਖਿਅਤ ਅਤੇ ਗੁਣਵੱਤਾ ਵਾਲੀਆਂ ਸਬਜ਼ੀਆਂ ਦੀ ਭਰੋਸੇਮੰਦ ਅਤੇ ਸਥਿਰ ਸਪਲਾਈ, ਅਤੇ ਸਥਾਨਕ ਖੇਤੀਬਾੜੀ ਦੇ ਟਿਕਾਊ ਵਿਕਾਸ ਲਈ ਸਹਾਇਤਾ ਪ੍ਰਦਾਨ ਕਰਦੀ ਹੈ।

ਸਬੰਧਤ ਸੇਵਾਵਾਂ

- ਭਿੰਨ-ਭਿੰਨ ਨਸਲ ਦੇ ਲੋਕਾਂ ਲਈ ਸੇਵਾਵਾਂ ਦੀ ਵਿਵਸਥਾ:
  - ਸੁਰੱਖਿਅਤ ਅਤੇ ਗੁਣਵੱਤਾ ਵਾਲੀਆਂ ਸਬਜ਼ੀਆਂ ਦੀ ਭਰੋਸੇਯੋਗ ਅਤੇ ਸਥਿਰ ਸਪਲਾਈ ਪ੍ਰਦਾਨ ਕਰਨਾ;
  - ਮਾਰਕੀਟ ਦੇ ਹਿੱਸੇਦਾਰਾਂ ਲਈ ਇੱਕ ਉਚਿਤ ਅਤੇ ਚੰਗੀ ਤਰ੍ਹਾਂ ਸਥਾਪਿਤ ਵਪਾਰਕ ਵਾਤਾਵਰਣ ਪ੍ਰਦਾਨ ਕਰਨਾ;
  - ਸਥਾਨਕ ਖੇਤੀਬਾੜੀ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਮਾਰਕੀਟ ਦੇ ਕੰਮ ਕਾਜ ਤੋਂ ਸਰਪਲੱਸ ਨੂੰ ਹਟਾਉਣਾ।

ਮੌਜੂਦਾ ਪੈਮਾਨੇ

- ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਲਈ ਮੌਜੂਦਾ ਪੈਮਾਨੇ, ਜਿਸ ਵਿੱਚ ਸ਼ਾਮਲ ਹਨ - ਚੀਨੀ ਅਤੇ ਅੰਗਰੇਜ਼ੀ ਵਿਚਕਾਰ ਅਨੁਵਾਦ ਦੀ ਵਿਵਸਥਾ ਅਤੇ ਸਰਵਿਸ ਉਪਭੋਗਤਾਵਾਂ ਲਈ ਚੀਨੀ, ਅੰਗਰੇਜ਼ੀ ਅਤੇ ਮੈਂਡਰਿਨ ਵਿੱਚ ਵਿਆਖਿਆ ਸੇਵਾਵਾਂ।

- ਰਜਿਸਟਰਡ ਖਰੀਦਦਾਰਾਂ ਲਈ ਅਰਜ਼ੀ ਫਾਰਮ ਅਤੇ VMO ਦੀ ਵੈਬਸਾਈਟ ਚੀਨੀ (ਰਵਾਇਤੀ ਅਤੇ ਸਰਲੀਕ੍ਰਿਤ) ਅਤੇ ਅੰਗਰੇਜ਼ੀ ਵਿੱਚ ਉਪਲੱਬਧ ਹਨ।

- ਭਿੰਨ-ਭਿੰਨ ਨਸਲ ਦੇ ਲੋਕਾਂ ਨਾਲ ਸੰਚਾਰ ਵਧਾਉਣ ਲਈ, ਮਾਰਕੀਟ ਸਟਾਫ਼ ਉਚਿਤ ਤੌਰ ਤੇ ਹਾਂਗ ਕਾਂਗ ਕ੍ਰਿਸ਼ਚੀਅਨ ਸਰਵਿਸ ਦੁਆਰਾ ਪ੍ਰਦਾਨ ਕੀਤੀ ਗਈ ਟੈਲੀਫੋਨ ਅਨੁਵਾਦ ਸੇਵਾ ਦੀ ਵਰਤੋਂ ਕਰੇਗਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਭਿੰਨ-ਭਿੰਨ ਭਾਸ਼ਾਵਾਂ ਵਿੱਚ ਨਸਲੀ ਬਰਾਬਰੀ ਨੰ ਉਤਸ਼ਾਹਤ ਕਰਨ ਦੇ ਪੈਮਾਨਿਆਂ ਦੀ ਜਾਂਚ ਸੂਚੀ VMO ਮਾਰਕੀਟ ਦੇ ਦਫ਼ਤਰ ਵਿੱਚ ਉਪਲੱਬਧ ਅਤੇ ਪ੍ਰਮੁੱਖਤਾ ਨਾਲ ਪ੍ਰਦਰਸ਼ਤ ਕੀਤੀ ਜਾਵੇਗੀ।
- VMO ਥੋਕ ਬਾਜ਼ਾਰ ਵਿੱਚ ਭਿੰਨ-ਭਿੰਨ ਜਾਤੀਆਂ ਦੇ ਲੋਕਾਂ ਦੀਆਂ ਜਰੂਰਤਾਂ ਨੰ ਧਿਆਨ ਵਿਚ ਰੱਖਦੀ ਰਹੇਗੀ ਅਤੇ ਉਪਾਅ ਕਰਦੀ ਰਹੇਗੀ ਜਦੋਂ ਯਕੀਨੀ ਬਣਾਉਣ ਲਈ ਜ਼ਰੂਰੀ ਹੋਵੇ ਕਿ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਜਨਤਾ ਦੇ ਸਾਰੇ ਮੈਂਬਰਾਂ ਨੰ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ।
- VMO ਦੀਆਂ ਨੌਕਰੀਆਂ ਲਈ ਸਾਰੇ ਬਿਨੈਕਾਰਾਂ ਨੰ ਬਰਾਬਰ ਰੁਜ਼ਗਾਰ ਦਾ ਮੌਕਾ ਪ੍ਰਦਾਨ ਕਰਨਾ।
- VMO ਆਪਣੇ ਮਾਰਕੀਟ ਸਟਾਫ਼ ਨੰ ਜਾਤੀਗਤ ਸੰਵੇਦਨਸ਼ੀਲਤਾ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਉਨ੍ਹਾਂ ਨੰ ਨਸਲੀ ਵਿਤਕਰਾ ਆਰਡੀਨੈਂਸ ਦੀ ਸਮਝ ਲਈ ਸਿਖਲਾਈ ਦਾ ਪ੍ਰਬੰਧ ਕਰੇਗੀ।

ਕੀਤੇ ਗਏ ਵਾਧ ਪੈਮਾਨੇ/ਕੀਤੇ ਜਾਣ ਵਾਲੇ

- ਪੈਮਾਨੇ ਸਖ਼ਤੀ ਨਾਲ ਲਾਗ ਕੀਤੇ ਗਏ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ VMO ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਨਸਲ ਨਿਰਪੱਖ ਹਨ।
- ਨਿਰੰਤਰ ਸੁਧਾਰ ਲਈ ਪੈਮਾਨਿਆਂ ਦੀ ਨਿਯਮਤ ਤੌਰ ਤੇ ਸਮੀਖਿਆ ਕੀਤੀ ਜਾਂਦੀ ਹੈ।

- VMO ਮੈਨੇਜਮੈਂਟ ਦੁਆਰਾ ਉਹਨਾਂ ਨੂੰ ਦਿੱਤੀਆਂ ਜਾਂਦੀਆਂ ਮਾਰਕੀਟ ਸੇਵਾਵਾਂ ਨੂੰ ਹੋਰ ਵਧਾਉਣ ਲਈ ਭਿੰਨ-ਭਿੰਨ ਨਸਲੀ ਅਤੇ ਸਭਿਆਚਾਰਕ ਸਮੂਹਾਂ/ਮਾਰਕੀਟ ਉਪਭੋਗਤਾਵਾਂ ਦੀਆਂ ਪ੍ਰਤੀਕਿਰਿਆ ਨੂੰ ਨਿਯਮਿਤ ਤੌਰ ਤੇ ਰਿਕਾਰਡ ਕੀਤਾ ਜਾਏਗਾ ਅਤੇ ਸਮੀਖਿਆ ਕੀਤੀ ਜਾਏਗੀ।

ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਪੈਮਾਨਿਆਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਸ੍ਰੀ ਟੌਮੀ ਸੈਂਗ ਨਾਲ ਸੰਪਰਕ ਕਰੋ:


| | | |
|---|---|---|
| ਟੈਲੀਫੋਨ ਨੰ. | : | 2710 0951 |
| ਫੈਕ੍ਸ ਨੰ. | : | 2710 0927 |
| ਈ-ਮੇਲ | : | mmlvmo@vmo.org |
| ਪਤਾ | : | 757 Lai Chi Kok Road, Kowloon<br>Cheung Sha Wan Wholesale Vegetable Market |


**ਵੈਜੀਟੇਬਲ ਮਾਰਕੀਟਿੰਗ ਓਰਗੇਨਾਈਜ਼ੇਸ਼ਨ**

**ਮਈ 2025**